**ਭਾਈਚਾਰੇ ਲਈ ਜੰਗਲੀ ਅੱਗ ਤੋਂ ਸੁਰੱਖਿਆ ਦਾ ਪ੍ਰੋਗਰਾਮ**
**ਲੰਮੀ ਕਿਸਮ ਵਾਲੀ ਵੀਡੀਓ ਸਕ੍ਰਿਪਟ – ਫੈਸਲਾ ਲੈਣ ਦੀ ਪ੍ਰਕਿਰਿਆ**

- PG&E ਹਰ ਰੋਜ਼ ਸਾਡੀ ਬਿਜਲੀ ਪ੍ਰਣਾਲੀ ਦੀ ਸੁਰੱਖਿਆ ਵਿੱਚ ਸੁਧਾਰ ਕਰਨ ਅਤੇ ਜੰਗਲੀ ਅੱਗ ਦੇ ਜੋਖਮਾਂ ਨੂੰ ਘਟਾਉਣ ਲਈ ਕੰਮ ਕਰ ਰਹੀ ਹੈ।

- ਤੇਜ਼ ਹਵਾਵਾਂ ਦੇ ਕਾਰਨ ਰੁੱਖਾਂ ਦੀਆਂ ਟਾਹਣੀਆਂ ਜਾਂ ਮਲਬਾ ਬਿਜਲੀ ਦੀਆਂ ਚਾਲੂ ਤਾਰਾਂ ਦੇ ਸੰਪਰਕ ਵਿੱਚ ਆ ਸਕਦੇ ਹਨ, ਜਿਸ ਨਾਲ ਸਾਡੇ ਉਪਕਰਣਾਂ ਨੂੰ ਨੁਕਸਾਨ ਪਹੁੰਚ ਸਕਦਾ ਹੈ ਅਤੇ ਜਿਸ ਦੇ ਨਤੀਜੇ ਵਜੋਂ ਇੱਕ ਭਿਆਨਕ ਜੰਗਲੀ ਅੱਗ ਲੱਗ ਸਕਦੀ ਹੈ। ਸਾਨੂੰ ਅਜਿਹੀਆਂ ਅੱਗਾਂ ਨੂੰ ਰੋਕਣ ਲਈ ਜਨਤਕ ਸਲਾਮਤੀ ਲਈ ਖਰਾਬ ਮੌਸਮ ਦੇ ਦੌਰਾਨ ਬਿਜਲੀ ਨੂੰ ਬੰਦ ਕਰਨ ਦੀ ਲੋੜ ਪੈ ਸਕਦੀ ਹੈ; ਇਸ ਨੂੰ ਜਨਤਕ ਸਲਾਮਤੀ ਲਈ ਬਿਜਲੀ ਕੱਟ (Public Safety Power Shutoff, PSPS) ਕਿਹਾ ਜਾਂਦਾ ਹੈ।

- ਇਹ ਇੱਕ ਅਜਿਹਾ ਫੈਸਲਾ ਹੈ ਜਿਸ ਨੂੰ ਅਸੀਂ ਹਲਕੇ ਵਿੱਚ ਨਹੀਂ ਲੈਂਦੇ। ਜਦਕਿ ਬਿਜਲੀ ਨੂੰ ਬੰਦ ਕਰਨ ਨਾਲ ਜੰਗਲੀ ਅੱਗਾਂ ਨੂੰ ਰੋਕਣ ਵਿੱਚ ਮਦਦ ਮਿਲ ਸਕਦੀ ਹੈ, ਸਾਨੂੰ ਪਤਾ ਹੈ ਕਿ ਇਸ ਨਾਲ ਸਾਡੇ ਗਾਹਕਾਂ ਨੂੰ ਮੁਸ਼ਕਲ ਵੀ ਹੋ ਸਕਦੀ ਹੈ ਅਤੇ ਇੰਝ ਸਿਰਫ ਸਾਡੇ ਗਾਹਕਾਂ ਅਤੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣ ਲਈ ਹੀ ਕੀਤਾ ਜਾਂਦਾ ਹੈ।

## ਫੈਸਲਾ ਕਰਨਾ ਕਿ ਜਨਤਕ ਸਲਾਮਤੀ ਲਈ ਬਿਜਲੀ ਕੱਟ ਲਗਾਉਣਾ ਕਦੋਂ ਜ਼ਰੂਰੀ ਹੈ

- ਤਾਂ PG&E ਇਹ ਫੈਸਲਾ ਕਿਵੇਂ ਕਰਦੀ ਹੈ ਕਿ ਸਲਾਮਤੀ ਲਈ ਬਿਜਲੀ ਨੂੰ ਬੰਦ ਕਰਨਾ ਜ਼ਰੂਰੀ ਕਦੋਂ ਹੁੰਦਾ ਹੈ?

- PG&E ਕੋਲ ਮੌਸਮ-ਵਿਗਿਆਨੀਆਂ ਅਤੇ ਜੰਗਲੀ-ਅੱਗ ਸਲਾਮਤੀ ਮਾਹਰਾਂ ਦੀ ਇੱਕ ਟੀਮ ਹੈ ਜੋ ਪੂਰੇ ਸੇਵਾ ਖੇਤਰ ਵਿੱਚ ਮੌਸਮ ਦੇ ਹਾਲਤਾਂ ਦੀ ਨਿਗਰਾਨੀ ਕਰਦੀ ਹੈ।

- ਅਸੀਂ ਜਨਤਕ ਸਲਾਮਤੀ ਲਈ ਬਿਜਲੀ ਕੱਟ ਉਦੋਂ ਚਾਲੂ ਕਰਦੇ ਹਾਂ ਜਦੋਂ ਮੌਸਮ ਦੀ ਭਵਿੱਖਬਾਣੀ ਏਨੀਂ ਕੁ ਖਰਾਬ ਹੋਵੇ, ਕਿ ਲੋਕਾਂ ਦੀ ਸੁਰੱਖਿਆ, ਜਿੰਦਗੀਆਂ, ਘਰਾਂ ਅਤੇ ਕਾਰੋਬਾਰਾਂ ਨੂੰ ਜੰਗਲੀ ਅੱਗਾਂ ਦਾ ਖਤਰਾ ਹੋਵੇ।

- ਕਿਉਂਕਿ ਹਰ ਮੌਸਮ ਦੀ ਹਾਲਤ ਵੱਖ-ਵੱਖ ਹੁੰਦੀ ਹੈ, ਇਸ ਲਈ ਬਿਜਲੀ ਬੰਦ ਕਰਨੀ ਹੈ ਜਾਂ ਨਹੀਂ, ਇਸ ਦਾ ਫੈਸਲਾ ਕਰਨ ਲਈ ਅਸੀਂ ਕਈ ਕਾਰਕਾਂ ਦੇ ਸੁਮੇਲ ਦੀ ਧਿਆਨ ਨਾਲ ਸਮੀਖਿਆ ਕਰਦੇ ਹਾਂ।

- ਇਹਨਾਂ ਮਾਪਦੰਡਾਂ ਵਿੱਚ ਆਮ ਤੌਰ 'ਤੇ ਇਹ ਕੁਝ ਸ਼ਾਮਲ ਹੁੰਦਾ ਹੈ:

    - ਨੈਸ਼ਨਲ ਵੈਦਰ ਸਰਵਿਸ (National Weather Service) ਵੱਲੋਂ ਘੋਸ਼ਿਤ **ਰੈੱਡ ਫਲੈਗ ਵਾਰਨਿੰਗ**
    - **ਨਮੀ ਦੇ ਨੀਵੇਂ ਪੱਧਰ**, ਆਮ ਤੌਰ 'ਤੇ 20 ਪ੍ਰਤੀਸ਼ਤ ਅਤੇ ਇਸ ਤੋਂ ਘੱਟ
    - **ਤੇਜ਼ ਹਵਾਵਾਂ ਦੀ ਭਵਿੱਖਬਾਣੀ**, ਖਾਸ ਤੌਰ 'ਤੇ 25 ਮੀਲ ਪ੍ਰਤੀ ਘੰਟਾ ਤੋਂ ਉੱਪਰ ਇੱਕੋ ਗਤੀ 'ਤੇ ਚੱਲਣ ਵਾਲੀਆਂ ਹਵਾਵਾਂ ਅਤੇ 45 ਮੀਲ ਪ੍ਰਤੀ ਘੰਟਾ ਤੋਂ ਉੱਪਰ ਗਤੀ ਵਾਲੇ ਹਵਾ ਦੇ ਝੌਂਕੇ।
    - **ਜ਼ਮੀਨ 'ਤੇ ਸੁੱਕਾ ਈਂਧਣ ਅਤੇ ਜੀਵਤ ਬਨਸਪਤੀ ਵਿੱਚ ਨਮੀ ਦੀ ਥੋੜ੍ਹੀ ਮਾਤਰਾ।**

- ਸਾਡੇ ਜੰਗਲੀ ਅੱਗ ਸੁਰੱਖਿਆ ਕਾਰਜਪ੍ਰਨਾਲੀ ਕੇਂਦਰ (WILDFIRE SAFETY OPERATIONS CENTER) ਵਿੱਚ **ਵਾਸਤਵਿਕ-ਸਮੇਂ ਦੇ ਨਿਰੀਖਣ** ਅਤੇ ਸਾਡੇ ਸੇਵਾ ਖੇਤਰ ਵਿੱਚ PG&E ਦੇ ਕਰਮੀਆਂ ਤੋਂ ਜ਼ਮੀਨੀ ਨਿਰੀਖਣ।

(ਅਸੀਂ ਦੇਖਦੇ ਹਾਂ ਕਿ ਸਾਨੂੰ ਕਿੱਥੇ PSPS ਲਗਾਉਣ ਦੀ ਜ਼ਰੂਰਤ ਹੋ ਸਕਦੀ ਹੈ ਜਿੱਥੇ ਤੇਜ਼ ਹਵਾਵਾਂ ਦਾ ਸੰਗਮ ਜਾਂ ਸੁਮੇਲ ਹੋਵੇ ਜੋ ਕਿ ਬਿਜਲੀ ਦਾ ਕੱਟ ਲਗਾਉਣ ਦੀ ਗਤਿਵਿਧੀ ਜਾਂ ਅੱਗ ਲੱਗਣ ਦੀ ਬਹੁਤ ਉੱਚ ਜਾਂ ਅਤਿਅੰਤ ਸੰਭਾਵਨਾ ਦਾ ਸੂਚਕ ਪੈਦਾ ਕਰਦੀਆਂ ਹੋਣ। ਇਹ ਸਾਡੇ ਢਾਂਚਿਆਂ ਦੇ ਨੁਕਸਾਨ ਅਤੇ ਨਾਲ ਹੀ ਭਿਆਨਕ ਅੱਗ ਲੱਗਣ ਦੀ ਸੰਭਾਵਨਾ ਦਾ ਸੁਮੇਲ ਹੈ।)

ਇਹਨਾਂ ਸਾਰੇ ਕਾਰਕਾਂ ਨੂੰ ਧਿਆਨ ਵਿੱਚ ਰੱਖ ਕੇ, ਘਟਨਾ ਸਾਮੰਤ (incident commander) ਇਨ ਚਾਰਜ ਅਫਸਰ ਨੂੰ PSPS ਦੇ ਸੰਭਾਵੀ ਵਰਤਾਰੇ ਦੀ ਗੁੰਜਾਇਸ਼ ਦੀ ਸਿਫਾਰਿਸ਼ ਕਰਦਾ ਹੈ। ਇਸੇ ਪ੍ਰਕਿਰਿਆ ਦੀ ਵਰਤੋਂ ਅਸਲੀ ਬਿਜਲੀ ਕੱਟ ਤੋਂ ਪਹਿਲਾਂ ਉਸਦੀ ਪੁਸ਼ਟੀ ਕਰਨ ਜਾਂ ਰੱਦ ਕਰਨ ਦਾ ਅੰਤਿਮ ਫੈਸਲਾ ਲੈਣ ਲਈ ਕੀਤੀ ਜਾਂਦੀ ਹੈ।

**PG&E ਇਸ ਜਾਣਕਾਰੀ ਨੂੰ ਕਿਵੇਂ ਸਾਂਝਾ ਕਰਦੀ ਹੈ?**

- ਸਾਨੂੰ ਮੌਸਮ ਅਤੇ ਆਪਣੇ ਉਪਕਰਣਾਂ ਬਾਰੇ ਜੋ ਵੀ ਕੁਝ ਪਤਾ ਹੋਇਆ, ਉਹ ਤੁਹਾਡੇ ਨਾਲ ਜਲਦ ਤੋਂ ਜਲਦ ਸਾਂਝਾ ਕਰਨ ਦੀ ਅਸੀਂ ਹਮੇਸ਼ਾਂ ਪੂਰੀ ਕੋਸ਼ਿਸ਼ ਕਰਾਂਗੇ, ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਕਿ ਮੌਸਮ ਦੇ ਹਾਲਾਤ ਕਿਸੇ ਵੀ ਸਮੇਂ ਬਦਲ ਸਕਦੇ ਹਨ।

- ਸਾਡਾ ਟੀਚਾ ਹੈ, ਜਦੋਂ ਵੀ ਭਵਿੱਖਬਾਣੀ ਇਜਾਜ਼ਤ ਦੇਵੇ, ਗਾਹਕ ਨੂੰ ਬਿਜਲੀ ਬੰਦ ਕੀਤੇ ਜਾਣ ਦੇ ਦੋ ਦਿਨ ਪਹਿਲਾਂ, ਇੱਕ ਦਿਨ ਪਹਿਲਾਂ ਅਤੇ ਕੱਟ ਲੱਗਣ ਤੋਂ ਐਣ ਪਹਿਲਾਂ ਸੂਚਨਾਵਾਂ ਦੇਣਾ।

- ਅਸੀਂ ਇਹ ਯਕੀਨੀ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ ਕਿ ਗਾਹਕਾਂ ਕੋਲ ਜਨਤਕ ਸਲਾਮਤੀ ਲਈ ਬਿਜਲੀ ਕੱਟ ਦੇ ਲਈ ਯੋਜਨਾ ਬਣਾਉਣ ਲਈ ਲੋੜੀਂਦੀ ਜਾਣਕਾਰੀ ਹੈ। ਅਸੀਂ ਆਟੋਮੈਟਿਕ ਕਾਲਾਂ, ਟੈਕਸਟ ਸੁਨੇਹਿਆਂ ਅਤੇ ਈਮੇਲਾਂ ਦੇ ਰਾਹੀਂ ਸੂਚਨਾਵਾਂ ਭੇਜਾਂਗੇ।

- ਇਸ ਸਾਲ, ਅਸੀਂ ਆਪਣੀਆਂ ਗਾਹਕ ਸੂਚਨਾਵਾਂ ਨੂੰ PSPS ਵਰਤਾਰਿਆਂ ਦੇ ਦੌਰਾਨ ਕੀ ਆਸ ਕਰਨੀ ਹੈ, ਇਸ ਨਾਲ ਅਪਡੇਟ ਕਰ ਰਹੇ ਹਾਂ ਤਾਂ ਜੋ ਪਹਿਲਾਂ ਹੀ ਵਧੇਰੀ ਜਾਣਕਾਰੀ ਦਿੱਤੀ ਜਾ ਸਕੇ, ਜਿਵੇਂ ਕਿ ਕਿਹੜੇ ਇਲਾਕੇ ਅਤੇ ਪਤੇ ਪ੍ਰਭਾਵਿਤ ਹੋਣਗੇ ਅਤੇ ਬਿਜਲੀ ਦੀ ਮੁੜ-ਬਹਾਲੀ ਦੇ ਅਨੁਮਾਨਿਤ ਸਮੇਂ ਕੀ ਹਨ।

- ਅਸੀਂ ਅੱਪਡੇਟਾਂ ਨੂੰ ਆਪਣੀ ਵੈੱਬਸਾਈਟ, pge.com, ਅਤੇ ਸੋਸ਼ਲ ਮੀਡੀਆ 'ਤੇ ਵੀ ਪੋਸਟ ਕਰਾਂਗੇ ਅਤੇ ਸਥਾਨਕ ਸਮਾਚਾਰ ਦੇ ਨਾਲ ਉਹਨਾਂ ਨੂੰ ਸਾਂਝਾ ਕਰਾਂਗੇ।

- ਗਾਹਕਾਂ ਨੂੰ ਬਿਜਲੀ ਮੁੜ-ਬਹਾਲ ਕਰ ਦਿੱਤੇ ਜਾਣ ਤੱਕ ਘੱਟੋ-ਘੱਟ ਦਿਨ ਵਿੱਚ ਇੱਕ ਵਾਰ ਸੂਚਿਤ ਕੀਤਾ ਜਾਵੇਗਾ।

*(ਗਾਹਕ ਟੀਮ ਲਈ, ਗੱਲ ਇੱਥੇ ਆ ਮੁੱਕਦੀ ਹੈ ਕਿ ਕੱਟ ਲੱਗਣ ਦੀ ਗੁੰਜਾਇਸ਼ ਕਿਸ ਜਗ੍ਹਾ 'ਤੇ ਹੈ ਅਤੇ ਜਿਨ੍ਹਾਂ ਗਾਹਕਾਂ ਨੂੰ ਅਸੀਂ ਇਸ ਬਾਰੇ ਦੱਸਿਆ ਹੈ ਅਤੇ ਜਿਨ੍ਹਾਂ ਨੂੰ ਇਸ ਬਾਰੇ ਨਹੀਂ ਦੱਸਿਆ, ਉਹਨਾਂ ਲਈ ਇਸ ਦਾ ਕੀ ਮਤਲਬ ਹੈ? ਪ੍ਰਭਾਵ ਕੀ ਹੋਵੇਗਾ, ਮਿਆਦ ਕੀ ਹੋਵੇਗੀ, ਅਤੇ ਉਹ ਪ੍ਰਭਾਵ ਨੂੰ ਘੱਟ ਤੋਂ ਘੱਟ ਕਰਨ ਲਈ ਕਿਵੇਂ ਅਤੇ ਕੀ ਕਰ ਸਕਦੇ ਹਨ, ਸਾਨੂੰ ਇਹ ਸਭ ਉਹਨਾਂ ਨਾਲ ਸਾਂਝਾ ਕਰਨ ਦੇ ਯੋਗ ਹੋਣਾ ਪੈਂਦਾ ਹੈ।)*

**PG&E ਬਿਜਲੀ ਨੂੰ ਵਾਪਸ ਕਿਵੇਂ ਵਾਪਸ ਲਿਆਉਂਦੀ ਹੈ?**

ਖਰਾਬ ਮੌਸਮ ਦੇ ਗੁਜ਼ਰ ਜਾਣ ਦੇ ਬਾਅਦ, PG&E ਸੁਰੱਖਿਅਤ ਤਰੀਕੇ ਨਾਲ ਬਿਜਲੀ ਬਹਾਲ ਕਰਨ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਮੌਸਮ "ਬਿਲਕੁਲ ਠੀਕ ਹੈ" ਦੀ ਸੂਚਨਾ ਜਾਰੀ ਕਰੇਗੀ।

*(ਜਦੋਂ ਸਾਨੂੰ ਮੌਸਮ ਬਿਲਕੁਲ ਠੀਕ ਹੋਣ ਦੀ ਸੂਚਨਾ ਮਿਲਦੀ ਹੈ, ਤਾਂ ਸਭ ਤੋਂ ਪਹਿਲਾਂ ਅਸੀਂ ਆਪਣੇ ਕਰਮਚਾਰੀਆਂ ਨੂੰ ਪਹਿਲਾਂ ਹੀ ਸਹੀ ਜਗ੍ਹਾ 'ਤੇ ਤੈਨਾਤ ਕਰ ਦਿੱਤਾ ਹੁੰਦਾ ਹੈ। ਅਸੀਂ ਪਹਿਲਾਂ ਤੋਂ ਹੀ ਸਾਡੇ ਹਵਾਈ ਵਾਹਨਾਂ, ਹੈਲੀਕਾਪਟਰਾਂ ਨੂੰ ਹਾਲਤ ਮੁਤਾਬਕ ਤੈਨਾਤ ਕਰ ਦਿੱਤਾ ਹੁੰਦਾ ਹੈ। ਅਤੇ ਜਦੋਂ ਸਾਨੂੰ ਮੌਸਮ ਬਿਲਕੁਲ ਠੀਕ ਹੋਣ ਦੀ ਸੂਚਨਾ ਮਿਲਦੀ ਹੈ, ਤਾਂ ਸਾਰੇ ਹੁਕਮ ਜ਼ਮੀਨੀ ਪੱਧਰ 'ਤੇ ਤੈਨਾਤ ਕਰਮਚਾਰੀਆਂ ਨੂੰ ਦਿੱਤੇ ਜਾਂਦੇ ਹਨ ਅਤੇ ਅਸੀਂ ਗਸ਼ਤ ਅਤੇ ਮੁੜ-ਬਹਾਲੀ ਦੀ ਪ੍ਰਕਿਰਿਆ ਨੂੰ ਸ਼ੁਰੂ ਕਰ ਦਿੰਦੇ ਹਾਂ। ਜਦੋਂ ਸਾਡੇ ਕਰਮੀ ਬਾਹਰ ਗਸ਼ਤ ਕਰ ਰਹੇ ਹੁੰਦੇ ਹਨ, ਤਾਂ ਉਹਨਾਂ ਵੱਲੋਂ ਅਜਿਹੇ ਨੁਕਸਾਨਗ੍ਰਸਤ ਟਿਕਾਣਿਆਂ ਨੂੰ ਦਸਤਾਵੇਜ਼ਬੱਧ ਕਰਨਾ ਜ਼ਰੂਰੀ ਹੁੰਦਾ ਹੈ ਜਿਨ੍ਹਾਂ ਬਾਰੇ ਉਹਨਾਂ ਨੂੰ ਪਤਾ ਨਹੀਂ ਲੱਗਣਾ ਸੀ ਜਾਂ ਅਜਿਹੇ ਨੁਕਸਾਨ, ਜੋ ਕਿ ਜੇਕਰ ਬਿਜਲੀ ਚਾਲੂ ਰਹਿੰਦੀ, ਤਾਂ ਵਾਪਰ ਸਕਦੇ ਸਨ।)*

- ਬਿਜਲੀ ਦੀ ਮੁੜ-ਬਹਾਲੀ ਦੇ ਕਦਮਾਂ ਵਿੱਚ ਸ਼ਾਮਲ ਹਨ:
  - ਮੌਸਮ "ਬਿਲਕੁਲ ਠੀਕ ਹੈ।"
  - ਮੁਆਇਨਾ ਕਰਨਾ
  - ਮਰੰਮਤ ਕਰਨਾ
  - ਮੁੜ-ਬਹਾਲੀ ਕਰਨਾ
  - ਅਤੇ ਫਿਰ ਗਾਹਕਾਂ ਨੂੰ ਸੂਚਿਤ ਕਰਨਾ ਕਿ ਬਿਜਲੀ ਮੁੜ-ਬਹਾਲ ਕਰ ਦਿੱਤੀ ਗਈ ਹੈ।
- ਸਮਾਂ-ਰਹਿੰਦਿਆਂ ਸਲਾਮਤੀ ਲਈ ਬਿਜਲੀ ਬੰਦ ਕਰਨਾ ਇੱਕ ਆਖਰੀ ਸਹਾਰਾ ਹੁੰਦਾ ਹੈ ਅਤੇ ਇਹ ਉਹਨਾਂ ਕਈਆਂ ਤਰੀਕਿਆਂ ਵਿੱਚੋਂ ਇੱਕ ਤਰੀਕਾ ਹੈ, ਜਿਸ ਨੂੰ PG&E ਵਿਨਾਸ਼ਕਾਰੀ ਜੰਗਲੀ-ਅੱਗਾਂ ਦੇ ਜੋਖਮ ਨੂੰ ਘਟਾਉਣ ਲਈ ਅਪਣਾ ਰਹੀ ਹੈ।
- ਜਦਕਿ PSPS ਇੱਕ ਮਹੱਤਵਪੂਰਨ ਜੰਗਲੀ-ਅੱਗ ਸਲਾਮਤੀ ਜ਼ਰੀਆ ਹੈ, ਸਾਨੂੰ ਪਤਾ ਹੈ ਕਿ ਬਿਜਲੀ ਬੰਦ ਕਰਨ ਨਾਲ ਜੀਵਨ ਵਿੱਚ ਵਿਘਨ ਪੈਂਦਾ ਹੈ, ਖਾਸ ਤੌਰ 'ਤੇ ਉਹਨਾਂ ਲੋਕਾਂ ਲਈ ਜਿਨ੍ਹਾਂ ਨੂੰ ਡਾਕਟਰੀ ਜ਼ਰੂਰਤਾਂ ਹੁੰਦੀਆਂ ਹਨ ਅਤੇ ਉਹਨਾਂ ਗਾਹਕਾਂ ਲਈ ਜੋ ਕੋਵਿਡ-19 ਦੀ ਪ੍ਰਤਿਕਿਰਿਆ ਵਿੱਚ ਘਰ ਵਿੱਚ ਹੀ ਰਹਿ ਰਹੇ ਹਨ।

- ਏਸੇ ਕਰਕੇ ਸਾਡਾ ਧਿਆਨ ਸੁਰੱਖਿਆ ਨਾਲ ਸਮਝੌਤਾ ਕੀਤੇ ਬਗੈਰ ਸਾਡੇ ਗਾਹਕਾਂ 'ਤੇ ਪੈਣ ਵਾਲੇ PSPS ਦੇ ਵਰਤਾਰਿਆਂ ਦੇ ਪ੍ਰਭਾਵ ਨੂੰ ਘੱਟ ਕਰਨ ਵੱਲ ਹੈ।

- PG&E ਦੇ ਜੰਗਲੀ ਅੱਗ ਦੇ ਸੁਰੱਖਿਆ ਉਪਰਾਲਿਆਂ ਅਤੇ ਅਸੀਂ ਜਿਨ੍ਹਾਂ ਤਰੀਕਿਆਂ ਨਾਲ ਜਨਤਕ ਸਲਾਮਤੀ ਲਈ ਬਿਜਲੀ ਕੱਟਾਂ ਵਿੱਚ ਸੁਧਾਰ ਕਰ ਰਹੇ ਹਾਂ, ਦੇ ਬਾਰੇ ਨਵੀਨਤਮ ਜਾਣਕਾਰੀ ਲਈ ਦੇਖੋ pge.com/psps.